# ਪੰਜਾਬੀ ਵਿਕਾਸ ਮੰਚ (ਕਾਨੂੰਨੀ)
## (ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ:....74-75.................. ਮਿਤੀ :...17.07.2022.........


**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ,
ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083


ਸੇਵਾ ਵਿਖੇ

ਪ੍ਰਮੁੱਖ ਸਕੱਤਰ
ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ
ਚੰਡੀਗੜ੍ਹ।

***ਵਿਸ਼ਾ***- ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਦਫ਼ਤਰੀ ਕੰਮ ਕਾਜ ਨੂੰ ਅਤੇ ਇਸ ਵਿਭਾਗ ਦੀ ਵੈਬਸਾਈਟ ਤੇ ਉਪਲਬਧ ਸੂਚਨਾ ਨੂੰ ਪੰਜਾਬੀ ਵਿਚ ਵੀ ਉਪਲਬਧ ਕਰਵਾਉਣ ਲਈ ਕਮਿਸ਼ਨ ਵਲੋਂ ਡਾਇਰੈਕਟਰ ਭਾਸ਼ਾ ਵਿਭਾਗ ਤੋਂ ਮੰਗੀ ਗਈ ਤਕਨੀਕੀ ਸਹਾਇਤਾ ਤੁਰੰਤ ਉਪਲਬਧ ਕਰਵਾਉਣ ਸਬੰਧੀ।

ਸ੍ਰੀ ਮਾਨ ਜੀ,

ਪੰਜਾਬੀ ਵਿਕਾਸ ਮੰਚ(ਕਾਨੂੰਨੀ) ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸਲਝਾਉਣ ਲਈ ਸਥਾਪਤ ਕੀਤੀ ਗਈ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਇਕ ਸ਼ਾਖਾ ਹੈ। ਮੈਂ ਇਸ ਸੰਸਥਾ ਦਾ ਕਾਨੂੰਨੀ ਸਲਾਹਕਾਰ ਹਾਂ।

ਮੰਚ ਵਲੋਂ ਆਪਜੀ ਨੂੰ ਹੇਠ ਲਿਖੀ ਬੇਨਤੀ ਕੀਤੀ ਜਾਂਦੀ ਹੈ:

1. ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਸਾਲ 2020 ਤੋਂ ਪੰਜਾਬ ਰਾਜ ਸੂਚਨਾ ਕਮਿਸ਼ਨ ਨੂੰ ਆਪਣਾ ਸਾਰਾ ਦਫ਼ਤਰੀ ਕੰਮ ਕਾਜ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਵਿਚ ਵੀ ਕਰਨ ਲਈ ਬੇਨਤੀ ਕਰਦਾ ਆ ਰਿਹਾ ਹੈ। ਹੁਣ ਵੀ ਮੰਚ ਵੱਲੋਂ ਆਪਣੇ ਪੱਤਰ ਮਿਤੀ 09-05-2022 ਰਾਹੀਂ ਇਹੋ ਬੇਨਤੀ ਦੁਹਰਾਈ ਗਈ ਹੈ (ਪੱਤਰਾਂ ਦੀਆਂ ਕਾਪੀਆਂ ਨੱਥੀ ਹਨ)।

2. ਇਨ੍ਹਾਂ ਪੱਤਰਾਂ ਦੇ ਜਵਾਬ ਵਿਚ ਸੂਚਨਾ ਕਮਿਸ਼ਨ ਵੱਲੋਂ ਆਪਣੇ ਪੱਤਰ ਮੀਮੋ ਨੰ: PSIC-SA-Admn(Pbi)/910 ਮਿਤੀ 27-05-2022 ਰਾਹੀਂ ਡਾਇਰੈਕਟਰ ਭਾਸ਼ਾ ਵਿਭਾਗ ਨੂੰ ਬੇਨਤੀ ਕੀਤੀ ਗਈ ਹੈ ਕਿ ਇਸ ਕਾਰਜ ਲਈ ਭਾਸ਼ਾ ਵਿਭਾਗ ਕਮਿਸ਼ਨ ਨੂੰ ਲੋੜੀਂਦੀ ਸਿੱਖਿਆ ਅਤੇ ਸਹਾਇਤਾ ਉਪਲਬਧ ਕਰਵਾਏ।

3 ਕਮਿਸ਼ਨ ਦੇ ਹਵਾਲੇ ਅਧੀਨ ਪੱਤਰ ਮਿਤੀ 25.05.2022 ਤੋਂ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਕਮਿਸ਼ਨ ਵੱਲੋਂ ਅਜਿਹਾ ਇੱਕ ਪੱਤਰ ਭਾਸ਼ਾ ਵਿਭਾਗ ਨੂੰ ਮਿਤੀ 10-06-2020 ਨੂੰ ਵੀ ਲਿਖਿਆ ਗਿਆ ਸੀ। ਇਸੇ ਪੱਤਰ ਤੋਂ ਇਹ ਜਾਣਕਾਰੀ ਵੀ ਪ੍ਰਾਪਤ ਹੋਈ ਹੈ ਕਿ ਡਾਇਰੈਕਟਰ ਭਾਸ਼ਾ ਵਿਭਾਗ ਵੱਲੋਂ ਆਪਣੇ ਪੱਤਰ

ਹਰੀ ਚੰਦ ਅਰੋੜਾ

ਮਿਤੀ 24-07-2020 ਰਾਹੀਂ ਕਮਿਸ਼ਨ ਨੂੰ ਇਹ ਸਹਾਇਤਾ ਉਪਲਬਧ ਕਰਵਾਉਣ ਤੋਂ ਅਸਮਰਥਤਾ ਪ੍ਰਗਟ ਕਰ ਦਿਤੀ ਗਈ ਸੀ।

4. ਪੰਜਾਬੀ ਪ੍ਰਤੀ ਆਪ ਜੀ ਦੀ ਸੁਹਿਰਦਤਾ ਕਾਰਨ ਨਵੰਬਰ 2021 ਵਿਚ ਭਾਸ਼ਾ ਵਿਭਾਗ ਵਿਚ ਕਰੀਬ 40 ਜ਼ਿਲ੍ਹਾ ਭਾਸ਼ਾ ਅਫ਼ਸਰ ਤੇ ਜ਼ਿਲ੍ਹਾ ਖੋਜ ਅਫ਼ਸਰ ਨਿਯੁਕਤ ਹੋ ਚੁੱਕੇ ਹਨ। ਇੰਞ ਹੁਣ ਭਾਸ਼ਾ ਵਿਭਾਗ ਕੋਲ ਕਮਿਸ਼ਨ ਨੂੰ ਲੋੜੀਂਦੀ ਸਿੱਖਿਆ ਅਤੇ ਸਹਾਇਤਾ ਉਪਲਬਧ ਕਰਵਾਉਣ ਲਈ ਭਰਪੂਰ ਅਮਲਾ ਫਾਇਲਾ ਹੈ।

5. ਆਪ ਜੀ ਦੇ ਧਿਆਨ ਵਿਚ ਹੀ ਹੈ ਕਿ ਸੂਚਨਾ ਕਮਿਸ਼ਨ ਆਮ ਆਦਮੀ ਨੂੰ ਇਨਸਾਫ ਪ੍ਰਾਪਤ ਕਰਵਾਉਣ ਦੀ ਮਹੱਤਵਪੂਰਨ ਅਤੇ ਸੰਵਿਧਾਨਕ ਜ਼ਿੰਮੇਵਾਰੀ ਨਿਭਾਅ ਰਿਹਾ ਹੈ। ਕਮਿਸ਼ਨ ਦੀ ਇੱਛਾ ਹੈ ਕਿ ਉਹ ਆਪਣੀ ਇਹ ਜ਼ਿੰਮੇਵਾਰੀ ਪੰਜਾਬੀ ਮਾਤ ਭਾਸ਼ਾ ਵਿਚ ਵੀ ਜਲਦੀ ਤੋਂ ਜਲਦੀ ਨਿਭਾਉਣੀ ਸ਼ੁਰੂ ਕਰੇ।

6 ਉਮੀਦ ਹੈ ਇਨ੍ਹਾਂ ਬਦਲੀਆਂ ਹੋਈਆਂ ਪ੍ਰਸਥਿਤੀਆਂ ਵਿਚ ਤੁਸੀਂ ਇਸ ਵਾਰ ਵੀ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਪ੍ਰਤੀ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਓਗੇ ਅਤੇ ਭਾਸ਼ਾ ਵਿਭਾਗ ਨੂੰ ਸਖਤ ਹਦਾਇਤ ਕਰੋਗੇ ਕਿ ਉਹ ਸੂਚਨਾ ਕਮਿਸ਼ਨ ਨੂੰ ਉਸ ਵੱਲੋਂ ਮੰਗੀ ਸਹਾਇਤਾ ਤੁਰੰਤ ਉਪਲਬਧ ਕਰਵਾਏ।

ਵਿਸ਼ਵਾਸ ਪਾਤਰ

ਹਰੀ ਚੰਦ ਅਰੋੜਾ

(ਵਕੀਲ ਹਰੀ ਚੰਦ ਅਰੋੜਾ)

ਕਾਨੂੰਨੀ ਸਲਾਹਕਾਰ

***ਨੱਥੀ:*** ਪੱਤਰ ਮਿਤੀ 09.05.2022

ਉਤਾਰਾ:

1. ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ